# Official Spokesperson's response to media queries on the revised map of Nepal released today by Government of Nepal

May 20, 2020

……………………………………………………………………………………………………………..

# ਨੇਪਾਲ ਸਰਕਾਰ ਦੁਆਰਾ ਨੇਪਾਲ ਦਾ ਸੋਧਿਆ ਨਕਸ਼ਾ ਜਾਰੀ ਕੀਤੇ ਜਾਣ ਬਾਰੇ ਮੀਡੀਆ ਦੇ ਸਵਾਲਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

20 ਮਈ, 2020

ਨੇਪਾਲ ਸਰਕਾਰ ਦੁਆਰਾ ਨੇਪਾਲ ਦਾ ਸੋਧਿਆ ਨਕਸ਼ਾ ਜਾਰੀ ਕੀਤੇ ਜਾਣ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ,

"ਨੇਪਾਲ ਸਰਕਾਰ ਨੇ ਅੱਜ ਨੇਪਾਲ ਦਾ ਇੱਕ ਸੋਧਿਆ ਹੋਇਆ ਅਧਿਕਾਰਤ ਨਕਸ਼ਾ ਜਾਰੀ ਕੀਤਾ ਹੈ, ਜਿਸ ਵਿੱਚ ਭਾਰਤੀ ਖੇਤਰ ਦੇ ਇਲਾਕੇ ਸ਼ਾਮਲ ਹਨ। ਇਹ ਇੱਕਤਰਫਾ ਕੰਮ ਇਤਿਹਾਸਕ ਤੱਥਾਂ ਅਤੇ ਸਬੂਤਾਂ ਉੱਤੇ ਅਧਾਰਤ ਨਹੀਂ ਹੈ। ਇਹ ਅਣਸੁਲਝੇ ਸਰਹੱਦੀ ਮਸਲਿਆਂ ਨੂੰ ਕੂਟਨੀਤਕ ਗੱਲਬਾਤ ਰਾਹੀਂ ਸੁਲਝਾਉਣ ਬਾਰੇ ਹੋਈ ਦੁਵੱਲੀ ਸਹਿਮਤੀ ਦੇ ਉਲਟ ਹੈ। ਆਪਣੇ ਇਲਾਕੇ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਵਾਲੇ ਨਕਲੀ ਦਾਅਵੇ ਭਾਰਤ ਦੁਆਰਾ ਨਹੀਂ ਮੰਨੇ ਜਾਣਗੇ।

ਇਸ ਮਾਮਲੇ ਵਿੱਚ ਨੇਪਾਲ ਨੂੰ ਭਾਰਤ ਦੇ ਇੱਕਸਾਰ ਨਜ਼ਰੀਏ ਬਾਰੇ ਚੰਗੀ ਤਰ੍ਹਾਂ ਪਤਾ ਹੈ ਅਤੇ ਅਸੀਂ ਨੇਪਾਲ ਸਰਕਾਰ ਨੂੰ ਨਕਸ਼ਿਆਂ ਵਿੱਚ ਇਸ ਤਰ੍ਹਾਂ ਦੇ ਨਾਜਾਇਜ਼ ਦਾਅਵੇ ਕਰਨ ਤੋਂ  ਗੁਰੇਜ਼ ਕਰਨ ਅਤੇ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨ ਦੀ ਅਪੀਲ ਕਰਦੇ ਹਾਂ। ਸਾਨੂੰ ਆਸ ਹੈ ਕਿ ਨੇਪਾਲੀ ਲੀਡਰਸ਼ਿਪ ਅਣਸੁਲਝੇ ਸਰਹੱਦੀ ਮਸਲਿਆਂ ਦਾ ਹੱਲ ਕੱਢਣ ਲਈ ਹੋਣ ਵਾਲੀ ਕੂਟਨੀਤਕ ਗੱਲਬਾਤ ਲਈ ਸਕਾਰਾਤਮਕ ਮਾਹੌਲ ਪੈਦਾ ਕਰੇਗੀ।

ਨਵੀਂ ਦਿੱਲੀ

20 ਮਈ, 2020

DISCLAIMER: This is an approximate translation. The original is available in English on MEA's website and may be referred to as the official press release.